ਵੱਲੋਂ

ਡਾਇਰੈਕਟਰ,ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ।

ਸੇਵਾ ਵਿੱਚ

ਪ੍ਰਿੰਸੀਪਲ
ਸਾਰੀਆਂ ਸਰਕਾਰੀ ਬਹੁਤਕਨੀਕੀ ਸੰਸਥਾਵਾਂ
ਗੈਰ ਸਰਕਾਰੀ (ਏਡਿਡ) ਅਤੇ ਪ੍ਰਾਈਵੇਟ, ਬਹੁਤਕਨੀਕੀ ਸੰਸਥਾਵਾਂ।

ਮੀਮੋ ਨੰ: 161-162 /ਪਲੇਸਮੈਂਟ
ਮਿਤੀ 10-3-2014

ਵਿਸ਼ਾ: ਬਹੁਤਕਨੀਕੀ ਸੰਸਥਾਵਾਂ ਦੇ ਪਾਸ ਹੋਏ/ ਆਖ਼ਰੀ ਸਾਲ ਦੇ ਵਿਦਿਆਰਥੀਆਂ ਦੀ ਪਲੇਸਮੈਂਟ ਸਬੰਧੀ ਜਾਬ ਮੇਲਾ ਲਗਾਉਣ ਬਾਰੇ।

ਹਵਾਲਾ: ਇਸ ਦਫਤਰ ਦੇ ਪੱਤਰ ਨੰ:131-55 ਮਿਤੀ 30.01.2014 ਦੇ ਹਵਾਲੇ ਵਿੱਚ ਉਪਰੋਕਤ ਵਿਸ਼ੇ ਤੇ।

ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਸੂਚਿਤ ਕੀਤਾ ਗਿਆ ਸੀ ਕਿ ਸੀ.ਟੀ. ਇੰਸਟੀਚਿਊਸ਼ਨਜ ਪ੍ਰਤਾਪਪੁਰਾ ਰੋਡ ਸ਼ਾਹਪੁਰ, ਜਲੰਧਰ ਵਿਖੇ ਮਿਤੀ 13 ਅਤੇ 14.03.2014 ਨੂੰ ਬਹੁਤਕਨੀਕੀ ਸੰਸਥਾਵਾਂ ਦੇ ਪਾਸ ਹੋਏ / ਆਖ਼ਰੀ ਸਾਲ ਦੇ ਵਿਦਿਆਰਥੀਆਂ ਦੀ ਪਲੇਸਮੈਂਟ ਸਬੰਧੀ ਜਾਬ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਜਾਬ ਮੇਲੇ ਵਿਚ ਭਾਗ ਲੈਣ ਵਾਲੀਆਂ ਕੰਪਨੀਆਂ ਦੀ ਲਿਸਟ ਵਿਭਾਗ ਦੀ ਵੈਬਸਾਈਟ(www.dtepunjab.gov.in) ਤੇ ਵੇਖੀ ਜਾ ਸਕਦੀ ਹੈ।ਇਹ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੀ ਸੰਸਥਾ ਦੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਇਸ ਜਾਬ ਮੇਲੇ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਆਪਣੀ ਸੰਸਥਾ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ।

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ,ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: /ਪਲੇਸਮੈਂਟ ਮਿਤੀ:

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ, ਸੀ.ਟੀ. ਇੰਸਟੀਚਿਊਸ਼ਨਜ ਪ੍ਰਤਾਪਪੁਰਾ ਰੋਡ ਸ਼ਾਹਪੁਰ, ਜਲੰਧਰ ਨੂੰ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਜਾਬ ਮੇਲੇ ਲਈ ਲੋੜੀਂਦੇ ਪ੍ਰਬੰਧ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ,ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।